ਨੰ:8/8/2019-5 ਵਿਬ 1/ 6824
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1ਸ਼ਾਖਾ)
ਮਿਤੀ, ਚੰਡੀਗੜ੍ਹ 21 ਜਨਵਰੀ, 2020

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ

2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

**ਵਿਸ਼ਾ: ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ। (ਤਿਮਾਹੀ ਬੇਸ ਤੇ ਬਣਦੀ ਰਸੀਟ ਸਰਕਾਰ ਦੇ ਖਜਾਨੇ ਵਿਚ ਤੁਰੰਤ ਜਮ੍ਹਾਂ ਕਰਾਉਣ ਸਬੰਧੀ)**

ਸ੍ਰੀਮਾਨ/ਸ੍ਰੀਮਤੀ ਜੀ,

ਸਰਕਾਰ ਵਲੋਂ ਵਿੱਤੀ ਸਾਧਨਾਂ ਅਤੇ ਖਰਚਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵਿਭਾਗਾਂ ਵਲੋਂ ਜਿੰਨੇ ਖਰਚੇ ਕੀਤੇ ਜਾ ਰਹੇ ਹਨ ਉਸਦੀ ਤੁਲਨਾ ਵਿਚ ਉਹਨਾਂ ਵਲੋਂ ਰਸੀਟ ਘੱਟ ਜਨਰੇਟ ਕੀਤੀ ਜਾ ਰਹੀ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਤੇ ਵਿਭਾਗਾਂ ਦੀ ਰਸੀਟ ਅਤੇ ਖਰਚਿਆਂ ਤੇ ਨਜ਼ਰਸਾਨੀ ਵੀ ਕੀਤੀ ਜਾਂਦੀ ਹੈ ਤਾਂ ਜੋ ਬਜਟ ਅਨੁਸ਼ਾਸਨ ਬਣਾ ਕੇ ਰਖਿਆ ਜਾ ਸਕੇ।

2. ਰਾਜ ਦੇ ਸਮੂਹ ਵਿਭਾਗਾਂ ਦੇ ਹਰ ਵਿੱਤੀ ਸਾਲ ਦੌਰਾਨ ਸਰਕਾਰ ਦੇ ਖਜਾਨੇ ਵਿਚ ਰਸੀਟ ਜਮ੍ਹਾਂ ਕਰਾਉਣ ਦੇ ਟਾਰਗੇਟਸ ਫਿਕਸ ਕੀਤੇ ਜਾਂਦੇ ਹਨ ਪਰ ਵਿਭਾਗਾਂ ਵਲੋਂ ਤਿਮਾਹੀ ਬੇਸ ਤੇ ਉਨੀ ਰਸੀਟ ਜਮ੍ਹਾਂ ਨਹੀਂ ਕਰਵਾਈ ਜਾਂਦੀ, ਜਿੰਨੀ ਬਜਟ ਲੈਣ ਸਮੇਂ ਰਸੀਟ ਬਜਟ ਦੇ ਅਨੁਮਾਨ ਪੇਸ਼ ਕੀਤੀ ਜਾਂਦੀ ਹੈ। ਕੋਈ ਵਿਭਾਗ ਬਿਨ੍ਹਾਂ ਕਿਸੇ reasonable ਜਸਟੀਫਿਕੇਸ਼ਨ ਦੇ ਸੰਬਧਿਤ ਵਿੱਤੀ ਸਾਲ ਲਈ ਫਿਕਸ ਕੀਤੇ ਤਿਮਾਹੀ ਅਤੇ ਸਲਾਨਾ ਰਸੀਟ ਟਾਰਗੇਟ ਪ੍ਰਾਪਤ ਕਰਨ ਤੋਂ ਵਾਝਾਂ ਨਹੀਂ ਰਹਿਣਾ ਚਾਹੀਦਾ। ਇਸ ਸਬੰਧ ਵਿਚ ਵਿੱਤ ਵਿਭਾਗ ਦੇ ਪੱਤਰ ਨੰ:3/2/2018-4 ਵਿਬ 1/379, ਮਿਤੀ 11.4.2019 ਦੇ ਪੈਰਾ 2(I)(d) and (e) ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਤੁਰੰਤ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

3. ਇਹ ਹਦਾਇਤਾਂ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡ/PSUs/ Commissions / Societies ਤੇ ਵੀ ਲਾਗੂ ਹੋਣਗੀਆਂ। ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਵਿਭਾਗਾਂ ਦੇ ਮੁੱਖੀ ਅਤੇ ਦਫਤਰਾਂ ਦੇ ਮੁੱਖੀ ਆਪੋ ਆਪਣੇ ਵਿਭਾਗਾਂ ਅਧੀਨ ਆਉਂਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡਜ਼ /PSUs/ Commissions / Societies ਤੋਂ ਇਹਨਾਂ ਹਦਾਇਤਾਂ ਦੀ ਪਾਲਣਾ ਕਰਾਉਣ ਲਈ ਜਿੰਮੇਵਾਰ ਹੋਣਗੇ। ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਤੇ ਸੰਬਧਿਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਵਿਸ਼ਵਾਸਪਾਤਰ,

ਹਰਵਿੰਦਰ ਸਿੰਘ

**(ਹਰਵਿੰਦਰ ਸਿੰਘ)**

**ਬਜਟ ਅਫਸਰ**

ਇਸ ਦਾ ਇਕ ਉਤਾਰਾ ਮੁੱਖ ਸਕੱਤਰ ਪੰਜਾਬ/ ਵਿਸ਼ੇਸ਼ ਸਕੱਤਰ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ / ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

**ਬਜਟ ਅਫਸਰ**

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ।
3) ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।
4)) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ।
5) ਸਮੂਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।
6) ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੰ:ਨੰ:8/ 8/2019-5 ਵਿਬ 1/ 6824 ਮਿਤੀ, ਚੰਡੀਗੜ੍ਹ:21 ਜਨਵਰੀ,2020

ਪਿੱਠ ਅੰਕਣ ਨੰ: 8/ 8/2019-5 ਵਿਬ 1/6824 ਮਿਤੀ, ਚੰਡੀਗੜ੍ਹ:21 ਜਨਵਰੀ,2020

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ।
2) ਸਮੂਹ ਜਿਲ੍ਹਾਂ ਖਜਾਨਾ ਅਫਸਰ ਅਤੇ ਖਜਾਨਾ ਅਫਸਰ,

ਕਿਉਂਕਿ ਰਾਜ ਦੇ ਖਜਾਨਿਆਂ ਵਿਚ ਬਜਟ ਕੰਟਰੋਲ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ ਇਸ ਲਈ ਇਨ੍ਹਾਂ ਖਰਚਿਆਂ ਵਿਚ ਕਿਫਾਇਤ ਕਰਨ ਦੇ ਉਪਰਾਲਿਆਂ ਨੂੰ ਲਾਗੂ ਕਰਨ ਹਿੱਤ ਜੋ ਵੀ

ਇਨ੍ਹਾਂ ਆਈਟਮਾਂ ਸਬੰਧੀ ਬਿਲ ਖਜਾਨੇ ਵਿਚ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਸਬੰਧੀ ਉਪਰੋਕਤ ਅਨੁਸਾਰ ਬਜਟ ਕੱਟ ਦਾ ਧਿਆਨ ਰੱਖਦੇ ਹੋਏ ਪੂਰਨ ਤੌਰ ਤੇ ਬਜਟ ਕੰਟਰੋਲ ਰੱਖਿਆ ਜਾਵੇ।

**3)** ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰਕਿਸੇ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਦੇ ਖਰੜੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੇ ਜਾਣ।

**4)** ਇੰਨਚਾਰਜ, ਟੀ.ਸੀ.ਐਸ।

ਹਰਵਿੰਦਰ ਸਿੰਘ
**ਬਜਟ ਅਫਸਰ**
ਰ ਕੌਰ

ਪਿੱਠ ਅੰਕਣ ਨੰ: 8/ 8/2019-5 ਵਿਬ 1/ 6824 ਮਿਤੀ, ਚੰਡੀਗੜ੍ਹ: 21 ਜਨਵਰੀ, 2020

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ਅਤੇ ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
**ਬਜਟ ਅਫਸਰ**
ਰ ਕੌਰ